
# ਟੂ ਡਿਪ ਔਰ ਨਾਟ ਟੂ ਡਿਪ (ਪਿਸ਼ਾਬ ਨੂੰ ਡੰਡੀ ਨਾਲ ਜਾਂਚਣਾ ਹੈ ਜਾਂ ਨਹੀਂ)?

**‘ਟੂ ਡਿਪ ਔਰ ਨਾਟ ਟੂ ਡਿਪ’ ਇਕ ਸਬੂਤ-ਆਧਾਰਿਤ ਤਰੀਕਾ ਹੈ ਜਿਸਦਾ ਟੀਚਾ ਸੰਭਾਲ ਘਰਾਂ ਵਿੱਚ ਰਹਿ ਰਹੇ ਵਡੇਰੀ ਉਮਰ ਦੇ ਲੋਕਾਂ ਵਿੱਚ ਪਿਸ਼ਾਬ ਨਾਲੀ ਦੀਆਂ ਲਾਗਾਂ (UTI) ਵਾਲੀ ਬਿਮਾਰੀ ਦਾ ਪਤਾ ਲਗਾਉਣਾ ਅਤੇ ਪ੍ਰਬੰਧਨ ਵਿੱਚ ਸੁਧਾਰ ਕਰਨਾ ਹੈ। ਇਹ ਤਰੀਕਾ UTI ਵਾਸਤੇ ਐਂਟੀਬਾਇਓਟਿਕ ਦਵਾਈਆਂ ਦੀ ਵਰਤੋਂ ਅਤੇ ਹਸਪਤਾਲ ਵਿੱਚ ਦਾਖਲਿਆਂ ਨੂੰ ਘਟਾਉਂਦਾ ਵਿਖਾਇਆ ਗਿਆ ਹੈ। ਇਹ ਕਿਤਾਬਚਾ UTIs ਅਤੇ ‘ਟੂ ਡਿਪ ਔਰ ਨੋਟ ਟੂ ਡਿਪ’ ਸੰਭਾਲ ਦੇ ਤਰੀਕੇ ਬਾਰੇ ਵਧੇਰੇ ਸਮਝਾਉਂਦਾ ਹੈ।**

## ਵਡੇਰੀ ਉਮਰ ਦੇ ਲੋਕਾਂ ਦੇ ਪਿਸ਼ਾਬ ਵਿੱਚ ਬੈਕਟੀਰੀਆ ਦੀ ਮੌਜੂਦਗੀ



ਵਡੇਰੀ ਉਮਰ ਦੇ ਲੋਕਾਂ ਦੇ ਪਿਸ਼ਾਬ ਵਿੱਚ ਬੈਕਟੀਰੀਆ ਦੀ ਮੌਜੂਦਗੀ ਦਾ ਜ਼ਰੂਰੀ ਤੌਰ ਤੇ ਇਹ ਮਤਲਬ ਨਹੀਂ ਹੈ ਕਿ ਕੋਈ ਲਾਗ ਲੱਗ ਗਈ ਹੈ ਜਿਸ ਵਾਸਤੇ ਐਂਟੀਬਾਇਓਟਿਕ ਦਵਾਈਆਂ ਦੀ ਲੋੜ ਹੈ। ਬੈਕਟੀਰੀਆ ਵਡੇਰੀ ਉਮਰ ਦੇ ਲੋਕਾਂ ਦੇ ਪਿਸ਼ਾਬ ਵਿੱਚ ਨੁਕਸਾਨ-ਰਹਿਤ ਤਰੀਕੇ ਨਾਲ ਰਹਿ ਸਕਦੇ ਹਨ। ਅਸਲ ਵਿੱਚ, ਲਗਭਗ 50% ਬਜ਼ੁਰਗ ਲੋਕਾਂ ਦੇ ਪਿਸ਼ਾਬ ਵਿੱਚਕੋਈ ਲੱਛਣ ਪੈਦਾ ਕੀਤੇ ਬਿਨਾਂ ਬੈਕਟੀਰੀਆ ਹੁੰਦਾ ਹੈ। ਉਹਨਾਂ ਲੋਕਾਂ ਵਿੱਚ ਜਿੰਨ੍ਹਾਂ ਵਿੱਚ ਲੰਬੀ-ਮਿਆਦ ਵਾਲੀ ਪਿਸ਼ਾਬ ਸਬੰਧੀ ਕੈਥੀਟਰ ਹੁੰਦੀ ਹੈ, ਇਹ ਗਿਣਤੀ ਵੱਧਕੇ 100% ਤੱਕ ਪਹੁੰਚ ਜਾਂਦੀ ਹੈ।

## ਪਿਸ਼ਾਬ ਜਾਂਚਣ ਵਾਲੀਆਂ ਡੰਡੀਆਂ (ਡਿਪਸਟਿਕਸ) ਨਾਲ ਕੀ ਸਮੱਸਿਆ ਹੈ?

ਪਿਸ਼ਾਬ ਦੀਆਂ ਡਿਪਸਟਿੱਕਾਂ ਦੀ ਵਰਤੋਂ ਅਕਸਰ ਸੰਭਾਲ ਘਰਾਂ ਵਿੱਚ ਰਹਿਣ ਵਾਲੇ ਵਡੇਰੀ ਉਮਰ ਦੇ ਲੋਕਾਂ ਵਿੱਚ UTI ਦੀ ਬਿਮਾਰੀ ਦਾ ਪਤਾ ਲਗਾਉਣ ਲਈ ਕੀਤੀ ਜਾਂਦੀ ਹੈ। ‘ਨਾਈਟ੍ਰਾਈਟ’ (ਬੈਕਟੀਰੀਆ ਦਾ ਮਾਰਕਰ) ਜਾਂ ‘ਲਿਊਕੋਸਾਈਟ’ (ਲਹੂ ਦੇ ਸਫੈਦ ਸੈੱਲਾਂ ਦਾ ਮਾਰਕਰ) ਵਾਸਤੇ ਪੌਜ਼ੇਟਿਵ ਨਤੀਜਾ ਇਕ ਸਾਧਾਰਨ ਗੱਲ ਹੋ ਸਕਦੀ ਹੈ ਕਿਉਂਕਿ ਉਹਨਾਂ ਬਜ਼ੁਰਗ ਲੋਕਾਂ ਦਾ ਅਨੁਪਾਤ ਵਧੇਰੇ ਹੁੰਦਾ ਹੈ ਜਿੰਨ੍ਹਾਂ ਦੇ ਪਿਸ਼ਾਬ ਵਿੱਚ ਬੈਕਟੀਰੀਆ ਹੁੰਦੇ ਹਨ। ਅਕਸਰ, ਜੇ ਕਿਸੇ ਵਸਨੀਕ ਦਾ ਡਿਪਸਟਿਕ ਦਾ ਨਤੀਜਾ ਪੌਜ਼ੇਟਿਵ ਆਉਂਦਾ ਹੈ ਅਤੇ ਉਸਦੇ ਕੋਈ ਗੈਰ-ਵਿਸ਼ੇਸ਼ ਲੱਛਣ ਹਨ, ਜਿਵੇਂ ਕਿ ਡਿੱਗ ਪੈਣਾ ਜਾਂ ਊਂਘ ਆਉਂਦੀ ਹੈ, ਤਾਂ ਉਹਨਾਂ ਵਿੱਚ ਅਣਉਚਿਤ ਤਰੀਕੇ ਨਾਲ UTI ਦੀ ਬਿਮਾਰੀ ਦਾ ਪਤਾ ਲਗਾਇਆ ਗਿਆ ਹੋ ਸਕਦਾਹੈ। ਹੋ ਸਕਦਾ ਹੈ ਅਸਲ ਬਿਮਾਰੀ ਦਾ ਪਤਾ ਲਗਾਉਣਾ ਖੁੰਝ ਜਾਵੇ ਅਤੇ ਵਸਨੀਕ ਨੂੰ ਬੇਲੋੜੀਆਂ ਐਂਟੀਬਾਇਓਟਿਕ ਦਵਾਈਆਂ ਦੇ ਦਿੱਤੀਆਂ ਜਾਣ।



## ਐਂਟੀਬਾਇਓਟਿਕ ਦਵਾਈਆਂ: ਲਾਭ ਨਾਲੋਂ ਜ਼ਿਆਦਾ ਨੁਕਸਾਨ?



ਐਂਟੀਬਾਇਓਟਿਕ ਦਵਾਈਆਂ ਸ਼ਕਤੀਸ਼ਾਲੀ ਅਤੇ ਕੀਮਤੀ ਦਵਾਈਆਂ ਹਨ। ਬੈਕਟੀਰੀਆ, ਐਂਟੀਬਾਇਓਟਿਕ ਦੇ ਪ੍ਰਤੀਰੋਧਤਾ ਵਿਕਸਤ ਕਰ ਸਕਦੇ ਹਨ। ਇਸਦਾ ਮਤਲਬ ਇਹ ਹੈ ਕਿ ਹੋ ਸਕਦਾ ਹੈ ਐਂਟੀਬਾਇਓਟਿਕ ਦਵਾਈਆਂ ਉਸ ਸਮੇਂ ਕੰਮ ਨਾ ਕਰਨ ਜਦ ਕਿਸੇ ਵਿਅਕਤੀ ਨੂੰ ਸੱਚਮੁੱਚ ਇਹਨਾਂ ਦੀ ਲੋੜ ਹੁੰਦੀ ਹੈ ਅਤੇ ਇਹ ਪ੍ਰਤੀਰੋਧੀ ਬੈਕਟੀਰੀਆ ਕਿਸੇ ਬਜ਼ੁਰਗਾਂ ਲਈ ਬਣੇ ਸੰਭਾਲ ਘਰਾਂ ਵਿੱਚ ਬਹੁਤ ਆਸਾਨੀ ਨਾਲ ਫ਼ੈਲ ਸਕਦੇ ਹਨ। ਐਂਟੀਬਾਇਓਟਿਕ ਦਵਾਈਆਂ ਲੈ ਰਹੇ ਬਜ਼ੁਰਗ ਲੋਕਾਂ ਵਿੱਚ ਅਣਚਾਹੇ ਅਸਰ ਜਿਵੇਂ ਕਿ ਜੀਅ ਮਤਲਾਉਣਾ, ਪੇਟ ਵਿੱਚ ਗੜਬੜ ਅਤੇ ਚਮੜੀ ਉਪਰ ਧੱਫੜ ਆਮ ਹਨ। ਜੀਵਨ ਨੂੰ ਖ਼ਤਰੇ ਵਿੱਚ ਪਾਉਣ ਵਾਲੀ ਲਾਗ ਜਿਸਨੂੰ ਸੀ. ਡਿਫੀਸਾਈਲ ਦਸਤ (ਜਾਂ ‘ਸੀ. ਡਿਫ’) ਕਹਿੰਦੇ ਹਨ, ਐਂਟੀਬਾਇਓਟਿਕ ਦਵਾਈਆਂ ਕਰਕੇ ਹੋ ਸਕਦੀ ਹੈ। ਐਂਟੀਬਾਇਓਟਿਕ ਦਵਾਈਆਂ ਦੀ ਰੱਖਿਆ ਕਰਨਾ ਹਰ ਕਿਸੇ ਦੀ ਜ਼ਿੰਮੇਵਾਰੀ ਹੈ ਅਤੇ ਇਹਨਾਂ ਦੀ ਵਰਤੋਂ ਕੇਵਲ ਉਦੋਂ ਹੀ ਕੀਤੀ ਜਾਣੀ ਚਾਹੀਦੀ ਹੈ ਜਦ ਕਿਸੇ ਬੈਕਟੀਰੀਆ ਦੀ ਲਾਗ ਦੇ ਪੱਕੇ ਸਬੂਤ ਹੋਣ।



## ਟੂ ਡਿਪ ਔਰ ਨਾਟ ਟੂ ਡਿਪ ਕਲੀਨੀਕਲ ਤਰੀਕਾ

ਬਜ਼ੁਰਗਾ ਲਈ ਸੰਭਾਲ ਘਰ ਦਾ ਅਮਲਾ ਕਲੀਨੀਕਲ ਤਰੀਕੇ (Clinical Pathway) ਦੀ ਵਰਤੋਂ ਕਰਦਾ ਹੈ ਜੋ ਕਿ ਸਰਵੋਤਮ ਅਭਿਆਸਾਂ ਦੀਆਂ ਸੇਧਾਂ’ਤੇ ਆਧਾਰਿਤ ਹੈ। ਪਿਸ਼ਾਬ ਦੀਆਂ ਡਿਪਸਟਿੱਕਾਂ ਨੂੰ ਪਹਿਲੀ ਵਾਰੀ ਵਿੱਚ ਨਹੀਂ ਵਰਤਿਆ ਜਾਂਦਾ। ਇਸਦੀ ਬਜਾਏ ਅਮਲਾ ਕਲੀਨੀਕਲ ਤਰੀਕੇ ਦੀ ਵਰਤੋਂ ਉਹਨਾਂ ਲੱਛਣਾਂ ਅਤੇ ਚਿੰਨ੍ਹਾਂ ਵਾਸਤੇ ਮੁਲਾਂਕਣ ਕਰਨ ‘ਤੇ ਧਿਆਨ ਕੇਂਦਰਿਤ ਕਰਨ ਲਈ ਕਰਦਾ ਹੈ ਜੋ UTI ਜਾਂ ਹੋਰ ਕਾਰਨਾਂ ਦਾ ਸੁਝਾਅ ਦਿੰਦੇ ਹਨ, ਅਤੇ ਕਿਹੜੀਆਂ ਕਾਰਵਾਈਆਂ ਕਰਨੀਆਂ ਹਨ। ਜੇ UTI ਦੇ ਹੋਣ ਦਾ ਸ਼ੱਕ ਹੈ, ਤਾਂ ਸਭ ਤੋਂ ਵਧੀਆ ਅਤੇ ਸਭ ਤੋਂ ਸੁਰੱਖਿਅਤ ਐਂਟੀਬਾਇਓਟਿਕ ਦਵਾਈਆਂ ਦੇ ਨਾਲ ਇਲਾਜ ਕਰਨ ਲਈ ਪਿਸ਼ਾਬ ਦੇ ਨਮੂਨਿਆਂ ਨੂੰ ਇਕੱਠਾ ਕਰਨਾ ਬਹੁਤ ਮਹੱਤਵਪੂਰਨ ਹੈ।

**ਸਵਾਲ?** ਆਪਣੇ ਮੈਨੇਜਰ ਜਾਂ IPC ਲੀਡ ਦੇ ਨਾਲ ਸੰਪਰਕ ਕਰੋ।

**ਕੀ ਹੋਰ ਜਾਣਨਾ ਚਾਹੁੰਦੇ ਹੋ?** agedcarequality.gov.au/antimicrobial-stewardship ‘ਤੇ ਜਾਓ

*NHS ਨੌਟਿੰਘਮਸ਼ਾਇਰ ਕਾਊਂਟੀ ਕੌਂਸਲ ‘ਟੂ ਡਿਪ ਔਰ ਨਾਟ ਟੂ ਡਿਪ’ ਪ੍ਰੋਜੈਕਟ ਅਤੇ ਡਾਕਟਰ ਐਨੀ ਜੋਸਫ਼ ਦੇ ਕੰਮ ਤੋਂ ਲਿਆ ਗਿਆ।*
*‘ਟੂ ਡਿਪ ਔਰ ਨਾਟ ਟੂ ਡਿਪ’ ਨੂੰ ਇੰਗਲੈਂਡ ਵਿੱਚ ਸੰਭਾਲ ਘਰਾਂ ਵਿੱਚ ਸਫਲ NHS ਕੁਆਲਟੀ ਇੰਪਰੂਵਮੈਂਟ ਪ੍ਰੋਜੈਕਟ ਤੋਂ ਲਿਆ ਗਿਆ ਹੈ।*

ਸੰਸਕਰਣ 2 (ਮਾਰਚ 2022)

Australian Government
Aged Care Quality and Safety Commission

ਐਂਟੀਬਾਇਓਟਿਕ ਦਵਾਈਆਂ ਦੀ ਬਿਹਤਰ ਵਰਤੋਂ